بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ    وَعَلٰی عَبۡدِہِ الۡمَسِیۡحِ الۡمَوۡعُوۡد

لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ

دفتر مجلس انصار اللہ بھارت

Office Of The Majlis Ansarullah Bharat

Mohallah Ahmadiyya Qadian-143516, Distt.Gurdaspur (Punjab) INDIA



Mob:9682536974, E-Mail.: ansarullah@qadian.in    ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ) ਭਾਰਤ


# ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਆਦੇਸ਼ਾਂ ਦੀ ਰੌਸ਼ਨੀ ਵਿਚੱ ਇੰਨਸਾਫ਼, ਉਪਕਾਰ ਅਤੇ ਸੰਬੰਧੀਆਂ ਨਾਲ ਚੰਗਾ ਸਲੂਕ ਬਾਰੇ, ਪਾਕਿਸਤਾਨ ਦੇ ਅਹਮਦੀਆਂ ਲਈ ਮੁੜ੍ਹ ਦੁਆ ਦੀ ਤਹਰੀਕ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁਲੱ ਮਸੀਹ ਅਲ-ਖਾਮਿਸ ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 05 ਮਈ 2023 ਮਸਜਿਦ ਮੁਬਾਰਕ, ਇਸਲਾਮਾਬਾਦ, ਤਿਲਫ਼ੋਰਡ (ਯੂ.ਕੇ)**

أَشْهَدُ أَنْ لَّا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ۔ بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعٰلَمِيْنَ۔ الرَّحْمٰنِ الرَّحِيْمِ۔ مٰلِكِ يَوْمِ الدِّيْنِ۔ اِيَّاكَ نَعْبُدُ وَ اِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ اَنْعَمْتَ عَلَيْهِمْ۔ غَيْرِ الْمَغْضُوْبِ عَلَيْهِمْ وَلَا الضَّآلِّيْنَ۔

ਤਸ਼ਹੁਦ, ਤਾਉਜ਼, ਸੂਰਤੁਲ ਫ਼ਾਤਿਹਾ ਅਤੇ ਸੂਰਤੁਲ ਨਹਲ ਦੀ ਆਇਤ اِنَّ اللّٰہَ یَاۡمُرُ بِالۡعَدۡلِ وَالۡاِحۡسَانِ وَاِیۡتَآیِٔ ذِی الۡقُرۡبٰی وَیَنۡہٰی عَنِ الۡفَحۡشَآءِ وَالۡمُنۡکَرِ وَالۡبَغۡیِ یَعِظُکُمۡ لَعَلَّکُمۡ تَذَکَّرُوۡنَ ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਇਸ ਦਾ ਅਨੁਵਾਦ ਪੈਸ਼ ਫ਼ਰਮਾਇਆ :

ਬੇਸ਼ਕੱ ਰਬੱ ਇੰਨਸਾਫ਼ ਦਾ ਅਤੇ ਉਪਕਾਰ ਦਾ ਅਤੇ ਓਪਰੀਆਂ ਨੂੰ ਵੀ ਸੰਬੰਧੀਆਂ ਵਾਂਗ (ਜਾਣਨ ਦਾ ਅਤੇ ਉਸੇ ਤਰ੍ਹਾਂ ਸਹਾਇਤਾ) ਕਰਨ ਦਾ ਉਪਦੇਸ਼ ਦਿੰਦਾ ਹੈ, ਅਤੇ (ਹਰੇਕ ਕਿਸਮ ਦੀ) ਨਿਰਲੱਜਤਾ, ਅਯੋਗ ਗੱਲਾਂ ਅਤੇ ਬਗ਼ਾਵਤ ਕਰਨ ਤੋਂ ਰੋਕਦਾ ਹੈ। ਉਹ ਤੁਹਾਨੂੰ ਉਪਦੇਸ਼ ਦਿੰਦਾ ਹੈ, ਤਾਂ ਜੋ ਤੁਸੀਂ ਸਮਝ ਸਕੋ।

ਫ਼ਰਮਾਇਆ : ਇਹ ਆਇਤ ਹਰ ਜੁਮਆ ਅਤੇ ਈਦਾਂ ਦੇ ਦੂਜੇ ਖ਼ੁਤਬੇ ਵਿਚ ਪੜ੍ਹੀ ਜਾਂਦੀ ਹੈ। ਇਸ ਆਇਤ ਵਿਚੱ ਕੁਝੱ ਨੇਕੀਆਂ ਦੇ ਕਰਨ ਅਤੇ ਕੁਝੱ ਬੁਰਾਈਆਂ ਤੋਂ ਬਚਣ ਦਾ ਜ਼ਿਕਰ ਹੈ। ਹਕੀਕੀ ਮੋਮਿਨ ਦੀ ਨਿਸ਼ਾਨੀ ਇਹ ਹੈ ਕਿ ਉਹ ਰਬੱ ਦੇ ਹੁਕਮਾਂ ਅਤੇ ਆਦੇਸ਼ਾਂ ਉੱਤੇ ਅਮਲ ਕਰੇ। ਇਸ ਆਇਤ ਵਿਚੱ ਜਿਨ੍ਹਾਂ ਨੇਕੀਆਂ ਦਾ ਜ਼ਿਕਰ ਕੀਤਾ ਹੈ। ਅਰਥਾਤ ਇੰਨਸਾਫ਼, ਉਪਕਾਰ ਅਤੇ ਸੰਬੰਧੀਆਂ ਨਾਲ ਚੰਗਾ ਸਲੂਕ ਉਸ ਬਾਰੇ ਅਜੱ ਮੈਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਆਦੇਸ਼ ਪੈਸ਼ ਕਰਾਂਗਾ।

ਇਹ ਆਦੇਸ਼ ਸਾਨੂੰ ਸਾਡਾ ਜੀਵਨ ਰਬੱ ਦੇ ਆਦੇਸ਼ਾਂ ਅਨੁਸਾਰ ਬਤੀਤ ਕਰਨ ਵਲੱ ਮਾਰਗ ਦਰਸ਼ਨ ਕਰਦੇ ਹਨ। ਜੇਕਰ ਅਸੀਂ ਇਨ੍ਹਾਂ ਆਦੇਸ਼ਾਂ ਉੱਤੇ ਧਿਆਨ ਦੇਣ ਅਤੇ ਇਨ੍ਹਾਂ ਅਨੁਸਾਰ ਆਪਣੇ ਜੀਵਨ ਨੂੰ ਬਣਾਉਣ ਦੀ ਕੋਸ਼ਿਸ਼ ਕਰਨ ਤਾਂ ਜ਼ਰੂਰ ਅਸੀਂ ਰਬੱ ਤੋਂ ਵੀ ਆਪਣਾ ਸੰਬੰਧ ਦਰਿੜ੍ਹ ਕਰ ਸਕਦੇ ਹਾਂ ਅਤੇ ਆਪਸ ਵਿਚੱ ਵੀ ਇਕੱ ਦੂਜੇ ਦੇ ਹੱਕਾਂ ਦੀ ਅਦਾਇਗੀ ਬਹੁਤ ਚੰਗੇ ਢੰਗ ਨਾਲ ਕਰ ਸਕਦੇ ਹਾਂ।

ਰਬੱ ਦੇ ਹਕੱ ਅਤੇ ਬੰਦੀਆਂ ਦੇ ਹਕੱ ਅਦਾ ਕਰਨਾ ਹੀ ਉਹ ਰਾਹ ਹੈ। ਜੋ ਸਮਾਜ ਅਤੇ ਸੰਸਾਰ ਭਰ ਦੇ ਅਮਨ ਦੀ ਜ਼ਮਾਨਤ ਦਿੰਦੀ ਹੈ। ਪਰ ਅਫ਼ਸੋਸ ਕਿ ਸੰਸਾਰ ਇਸ ਪਾਸੇ ਧਿਆਨ ਨਹੀਂ ਦੇ ਰਿਹਾ ਅਤੇ ਭਾਵੇਂ ਮੁਸਲਮਾਨ ਦੇਸ਼ ਹੋਣ ਜਾਂ ਬਾਕੀ ਸੰਸਾਰ ਸਭ ਇਕੱ ਦੂਜੇ ਦੇ ਹਕੱ ਮਾਰਨ ਦੀ ਕੋਸ਼ਿਸ਼ ਵਿਚੱ ਰੁੱਝੇ ਹਨ। ਅਜਿਹੇ ਵਿਚੱ ਹਜ਼ਰਤ ਮਸੀਹ

ਮੌਊਦ ਅਲੈਹਿ ਸਲਾਮ ਨੂੰ ਮੰਨਣ ਵਾਲਿਆਂ ਦੀ ਜ਼ਿੰਮੇਵਾਰੀ ਹੈ ਕਿ ਉਹ ਆਪਣੇ ਕਰਮ ਵੀ ਠੀਕ ਕਰਨ ਅਤੇ ਸੰਸਾਰ ਨੂੰ ਵੀ ਇਸ ਪਾਸੇ ਧਿਆਨ ਦੁਆਉਣ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਰਬੱ ਦਾ ਤੁਹਾਨੂੰ ਇਹ ਹੁਕਮ ਹੈ ਕਿ ਤੁਸੀਂ ਉਸ ਨਾਲ ਅਤੇ ਉਸ ਦੇ ਬਣਾਏ ਲੋਕਾਂ ਨਾਲ ਇੰਨਸਾਫ਼ ਦਾ ਮਾਮਲਾ ਕਰੋ। ਅਰਥਾਤ ਰਬੱ ਦੇ ਹਕੱ ਅਤੇ ਬੰਦੀਆਂ ਦੇ ਹਕੱ ਅਦਾ ਕਰੋ ਅਤੇ ਜੇਕਰ ਇਸ ਤੋਂ ਵਧੱ ਹੋ ਸਕੇ ਤਾਂ ਨ ਕੇਵਲ ਇੰਨਸਾਫ਼ ਸਗੋਂ ਉਪਕਾਰ ਕਰੋ। ਅਰਥਾਤ ਫ਼ਰਜ਼ਾਂ ਤੋਂ ਵਧੱ ਕੇ ਅਤੇ ਅਜਿਹੀ ਸ਼ਰਧਾ ਨਾਲ ਰਬੱ ਦੀ ਬੰਦਗੀ ਕਰੋ ਕਿ ਜਿਵੇਂ ਤੁਸੀਂ ਉਸ ਨੂੰ ਵੇਖਦੇ ਹੋ। ਹੱਕਾਂ ਤੋਂ ਵਧੱ ਲੋਕਾਂ ਨਾਲ ਨਰਮੀ ਦਾ ਸਲੂਕ ਕਰੋ ਅਤੇ ਜੇਕਰ ਇਸ ਤੋਂ ਵਧੱ ਹੋ ਸਕੇ ਤਾਂ ਅਜਿਹੇ ਨਿਰਸੁਆਰਥ ਹੋ ਕੇ ਰਬੱ ਦੀ ਬੰਦਗੀ ਅਤੇ ਲੋਕਾਂ ਦੀ ਸੇਵਾ ਕਰੋ। ਜਿਵੇਂ ਕੋਈ ਕਰੀਬੀ ਰਿਸ਼ਤੇਦਾਰੀ ਦੇ ਜੋਸ਼ ਨਾਲ ਕਰਦਾ ਹੈ।

ਫ਼ਿਰ ਇਸ ਆਇਤ ਦੀ ਰੋਸ਼ਨੀ ਵਿਚੱ ਰਬੱ ਦੇ ਹੱਕਾਂ ਨੂੰ ਹੋਰ ਖੋਲ੍ਹ ਕੇ ਬਿਆਨ ਕਰਦੇ ਹੋਏ। ਆਪ ਫ਼ਰਮਾਉਂਦੇ ਹਨ ਕਿ ਜਿਵੇਂ ਕਿ ਅਸਲ ਵਿਚੱ ਰਬੱ ਤੋਂ ਬਿਨਾਂ ਕੋਈ ਇਬਾਦਤਯੋਗ ਨਹੀਂ। ਕੋਈ ਵੀ ਪ੍ਰੇਮ ਦੇ ਯੋਗ ਨਹੀਂ। ਕੋਈ ਵੀ ਵਿਸ਼ਵਾਸ ਦੇ ਯੋਗ ਨਹੀਂ। ਕਿਉਂਕਿ (ਰਬੱ ਦੀਆਂ ਸਿਫ਼ਤਾਂ) ਖ਼ਾਲਕਿਅਤ (ਪੈਦਾ ਕਰਨਾ), ਕਯੁੱਮਿਅਤ (ਸਦੇਵੀਂ ਹੋਣਾ) ਅਤੇ ਰਬੂੱਬੀਅਤੇ ਖ਼ਾਸਾ (ਪਾਲਣਹਾਰ) ਕਰਕੇ ਹਰ ਹਕੱ ਉਸੇ ਦਾ ਹੈ। ਜੇਕਰ ਤੁਸੀਂ ਇਨ੍ਹਾਂ ਕਰ ਲਿਆ ਤਾਂ ਇਹ ਇੰਨਸਾਫ਼ ਹੈ। ਜਿਸ ਦਾ ਧਿਆਨ ਰਖੱਣਾ ਤੁਹਾਡੇ ਲਈ ਜ਼ਰੂਰੀ ਹੈ। ਫ਼ਿਰ ਜੇਕਰ ਇਸ ਤੋਂ ਤਰੱਕੀ ਕਰਨਾ ਚਾਹੋ ਤਾਂ ਉਪਕਾਰ ਦਾ ਦਰਜਾ ਹੈ ਅਤੇ ਉਹ ਇਹ ਹੈ ਕਿ ਤੁਸੀਂ ਉਸ ਦੀਆਂ ਵਡਿੱਆਈਆਂ ਨੂੰ ਇੰਝ ਮੰਨੋ ਅਤੇ ਉਸ ਅੱਗੇ ਆਪਣੀ ਇਬਾਦਤਾਂ ਵਿਚੱ ਅਜਿਹੇ ਬਣ ਜਾਓ ਅਤੇ ਉਸ ਦੇ ਪ੍ਰੇਮ ਵਿਚੱ ਅਜਿਹੇ ਖੋ ਜਾਓ ਕਿ ਜਿਵੇਂ ਤੁਸੀਂ ਉਸ ਦੀ ਵਡਿੱਆਈ ਅਤੇ ਸ਼ਾਨ ਨੂੰ ਵੇਖ ਲਿਆ ਹੈ। ਬਾਦ ਇਸ ਦੇ ਸੰਬੰਧੀਆਂ ਦਾ ਦਰਜਾ ਹੈ ਅਤੇ ਉਹ ਇਹ ਹੈ ਕਿ ਤੁਹਾਡੀ ਇਬਾਦਤਾਂ ਅਤੇ ਤੁਹਾਡੇ ਪ੍ਰੇਮ ਅਤੇ ਤੁਹਾਡੀ ਆਗਿਆਪਾਲਣ ਤੋਂ ਬਿਲਕੁਲੱ ਸੰਕੋਚ ਅਤੇ ਬਣਾਵਟ ਦੂਰ ਹੋ ਜਾਵੇ ਅਤੇ ਤੁਸੀਂ ਅਜਿਹੇ ਦਿਲ੍ਹੀ ਸੰਬੰਧ ਨਾਲ ਉਸ ਨੂੰ ਯਾਦ ਕਰੋ। ਜਿਵੇਂ ਤੁਸੀਂ ਆਪਣੇ ਬਾਪਾਂ ਨੂੰ ਯਾਦ ਕਰਦੇ ਹੋ ਅਤੇ ਤੁਹਾਡਾ ਪ੍ਰੇਮ ਉਸ ਨਾਲ ਅਜਿਹਾ ਹੋ ਜਾਵੇ ਕਿ ਜਿਵੇਂ ਬੱਚਾ ਆਪਣੀ ਪਿਆਰੀ ਮਾਂ ਤੋਂ ਪ੍ਰੇਮ ਰਖੱਦਾ ਹੈ।

ਫ਼ਿਰ ਬੰਦੀਆਂ ਦੇ ਹਕੱ ਸੰਬੰਧੀ ਇਸ ਆਇਤ ਦੇ ਅਰਥ ਬਿਆਨ ਕਰਦੇ ਹੋਏ ਆਪ ਅਲੈਹਿ ਸਲਾਮ ਫ਼ਰਮਾਉਂਦੇ ਹਨ : ਆਪਣੇ ਭਰਾਵਾਂ ਅਤੇ ਲੋਕਾਂ ਨਾਲ ਇੰਨਸਾਫ਼ ਕਰੋ ਅਤੇ ਆਪਣੇ ਹੱਕਾਂ ਤੋਂ ਵਧੱ ਉਨ੍ਹਾਂ ਤੋਂ ਕੁਝੱ ਨ ਲਓ ਅਤੇ ਇੰਨਸਾਫ਼ ਉੱਤੇ ਕਾਯਮ ਰਹੋ। ਜੇਕਰ ਇਸ ਦਰਜੇ ਤੋਂ ਤਰੱਕੀ ਕਰਨਾ ਚਾਹੁੰਦੇ ਹੋ ਤਾਂ ਇਸ ਤੋਂ ਅੱਗੇ ਉਪਕਾਰ ਦਾ ਦਰਜਾ ਹੈ ਅਤੇ ਉਹ ਇਹ ਹੈ ਕਿ ਤੂੰ ਆਪਣੇ ਭਰਾ ਦੀ ਬੁਰਾਈ ਦੇ ਮੁਕਾਬਲੇ ਉੱਤੇ ਨੇਕੀ ਕਰੇ। ਉਸ ਦੇ ਦੁਖੱ ਦੇ ਬਦਲੇ ਉਸ ਨੂੰ ਸੁਖੱ ਦੇਵੇ ਅਤੇ ਉਪਕਾਰ ਅਤੇ ਭਲਾਈ ਵੱਜੋਂ ਮਦਦ ਕਰੇ। ਫ਼ਿਰ ਬਾਦ ਇਸ ਦੇ ਸੰਬੰਧੀਆਂ ਦਾ ਦਰਜਾ ਹੈ ਅਤੇ ਉਹ ਇਹ ਹੈ ਕਿ ਤੂੰ ਜਿੰਨ੍ਹੀ ਆਪਣੇ ਭਰਾ ਨਾਲ ਨੇਕੀ ਕਰੇ ਜਾਂ ਜਿੰਨ੍ਹੀ ਲੋਕ ਭਲਾਈ ਦੇ ਕੰਮ ਕਰੇ। ਉਸ ਵਿਚੱ ਕੋਈ ਅਤੇ ਕਿਸੇ ਕਿਸਮ ਦਾ ਉਪਕਾਰ ਦਿਮਾਗ਼ ਵਿਚੱ ਨ ਹੋਵੇ। ਸਗੋਂ ਕੁਦਰਤੀ ਤੌਰ ਉੱਤੇ ਬਿਨਾਂ ਮਤਲਬ ਦੇ ਉਹ ਤੇਰੇ ਹੱਥੋਂ ਪੂਰਨ ਹੋਵੇ। ਜਿਵੇਂ ਕਰੀਬੀ ਰਿਸ਼ਤੇ ਦੇ ਜੋਸ਼ ਨਾਲ ਇਕੱ ਦੂਜੇ ਨਾਲ ਭਲਾਈ ਕਰਦੇ ਹੋ।

ਸੋ, ਇਹ ਆਚਰਣਿਕ ਤਰੱਕੀ ਦਾ ਅੰਤਿਮ ਕਮਾਲ ਹੈ ਕਿ ਲੋਕ ਭਲਾਈ ਵਿਚੱ ਕੋਈ ਮਨੁੱਖੀ ਅਰਥ ਜਾਂ ਉਦੇਸ਼ ਜਾਂ ਮਤਲਬ ਵਿਚਕਾਰ ਨ ਹੋਵੇ। ਸਗੋਂ ਭਾਈਚਾਰਾ ਅਤੇ ਰਿਸ਼ਤੇਦਾਰੀ ਦਾ ਜੋਸ਼ ਉਚੱਤਮ ਦਰਜੇ ਉੱਤੇ ਪਰਵਾਨ ਚੜ੍ਹੇ

ਕਿ ਆਪਣੇ ਆਪ ਬਿਨਾਂ ਕਿਸੇ ਸੰਕੋਚ ਦੇ ਅਤੇ ਬਿਨਾਂ ਕਿਸੇ ਧੰਨਵਾਦ ਦੀ ਇੱਛਾ ਦੇ ਜਾਂ ਦੁਆ ਜਾਂ ਕਿਸੇ ਹੋਰ ਕਿਸਮ ਦੀ ਲਾਲਚ ਦੇ ਉਹ ਨੇਕੀ ਕੇਵਲ ਕੁਦਰਤੀ ਜੋਸ਼ ਨਾਲ ਹੋਵੇ।

ਫ਼ਿਰ ਇਕੱ ਮੌਕੇ ਉੱਤੇ ਆਪ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਇਸ ਆਇਤ ਵਿਚੱ ਰਬੱ ਨੇ ਤਿੰਨ ਦਰਜੇ ਮਨੁੱਖੀ ਪਹਿਚਾਣ ਦੇ ਬਿਆਨ ਕਰ ਦਿੱਤੇ ਅਤੇ ਤੀਜੇ ਦਰਜੇ ਨੂੰ ਜ਼ਾਤੀ ਪ੍ਰੇਮ ਦਾ ਦਰਜਾ ਦਸਿੱਆ ਹੈ। ਜਿਸ ਵਿਚੱ ਸਾਰੇ ਮਨੁੱਖੀ ਉਦੇਸ਼ ਜਲ੍ਹ ਜਾਂਦੇ ਹਨ ਅਤੇ ਦਿਲ੍ਹ ਅਜਿਹੇ ਪ੍ਰੇਮ ਨਾਲ ਭਰ ਜਾਂਦਾ ਹੈ। ਜਿਵੇਂ ਇਕੱ ਸ਼ੀਸ਼ੀ ਸੈਂਟ ਨਾਲ ਭਰੀ ਹੁੰਦੀ ਹੈ। ਇਸੇ ਦਰਜੇ ਵਲ੍ਹੱ ਸੰਕੇਤ ਇਸ ਆਇਤ ਵਿਚੱ ਹੈ ਕਿ ਅਰਥਾਤ ਮੋਮਿਨਾਂ ਵਿਚੋਂ ਕੁਝੱ ਉਹ ਵੀ ਹਨ ਕਿ ਆਪਣੀ ਜਾਨਾਂ ਰੱਬੀ ਮਰਜ਼ੀ ਦੇ ਬਦਲੇ ਵੇਚ ਦਿੰਦੇ ਹਨ ਅਤੇ ਰਬੱ ਉਨ੍ਹਾਂ ਉੱਤੇ ਕਿਰਪਾਲੂ ਹੈ।

ਫ਼ਰਮਾਇਆ : ਰਬੱ ਤੁਹਾਡੇ ਕੋਲੋਂ ਕੀ ਚਾਹੁੰਦਾ ਹੈ। ਕੇਵਲ ਇਹੀ ਕਿ ਤੁਸੀਂ ਮਨੁੱਖਾਂ ਨਾਲ ਇੰਨਸਾਫ਼ ਨਾਲ ਪੈਸ਼ ਆਇਆ ਕਰੋ। ਫ਼ਿਰ ਇਸ ਤੋਂ ਵਧੱ ਕੇ ਇਹ ਹੈ ਕਿ ਉਨ੍ਹਾਂ ਨਾਲ ਵੀ ਨੇਕੀ ਕਰੋ। ਜਿਨ੍ਹਾਂ ਨੇ ਤੁਹਾਡੇ ਨਾਲ ਕੋਈ ਨੇਕੀ ਨਹੀਂ ਕੀਤੀ। ਫ਼ਿਰ ਇਸ ਤੋਂ ਵਧੱ ਕੇ ਇਹ ਹੈ ਕਿ ਤੁਸੀਂ ਲੋਕਾਂ ਨਾਲ ਹਮਦਰਦੀ ਨਾਲ ਪੈਸ਼ ਆਓ ਕਿ ਜਿਵੇਂ ਤੁਸੀਂ ਉਨ੍ਹਾਂ ਦੇ ਹਕੀਕੀ ਸੰਬੰਧੀ ਹੋ। ਜਿਵੇਂ ਕਿ ਮਾਵਾਂ ਆਪਣੇ ਬਚਿੱਆਂ ਨਾਲ ਪੈਸ਼ ਆਉਂਦੀਆਂ ਹਨ। ਕਿਉਂਕਿ ਉਪਕਾਰ ਕਰਨ ਵਾਲਾ ਕਦੇ ਆਪਣੇ ਉਪਕਾਰਾਂ ਨੂੰ ਜਤਲਾ ਵੀ ਦਿੰਦਾ ਹੈ। ਪਰ ਉਹ ਜੋ ਮਾਂ ਵਾਂਗ ਕੁਦਰਤੀ ਜੋਸ਼ ਨਾਲ ਨੇਕੀ ਕਰਦਾ ਹੈ ਉਹ ਕਦੇ ਦਿਖਾਵਾ ਨਹੀਂ ਕਰ ਸਕਦਾ। ਸੋ, ਅੰਤਿਮ ਦਰਜਾ ਨੇਕੀ ਦਾ ਕੁਦਰਤੀ ਜੋਸ਼ ਹੈ। ਜੋ ਮਾਂ ਵਾਂਗ ਹੋਵੇ।

ਇਹ ਆਇਤ ਨ ਕੇਵਲ ਲੋਕਾਂ ਸੰਬੰਧੀ ਹੈ। ਸਗੋਂ ਰਬੱ ਦੇ ਸੰਬੰਧੀ ਵੀ ਹੈ। ਰਬੱ ਨਾਲ ਇੰਨਸਾਫ਼ ਇਹ ਹੈ ਕਿ ਉਸ ਦੀਆਂ ਮਿਹਰਾਂ ਨੂੰ ਯਾਦ ਕਰਕੇ ਉਸ ਦੀ ਆਗਿਆ ਪਾਲਣਾ ਕਰਨਾ ਅਤੇ ਰਬੱ ਨਾਲ ਉਪਕਾਰ ਇਹ ਹੈ ਕਿ ਉਸ ਦੀ ਹਸਤੀ ਉੱਤੇ ਅਜਿਹਾ ਯਕੀਨ ਕਰ ਲੈਣਾ ਕਿ ਜਿਵੇਂ ਉਸ ਨੂੰ ਵੇਖ ਰਿਹਾ ਹੈ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਅਧਰਮੀਆਂ ਨੂੰ ਇਸਲਾਮ ਦੀ ਸਿਖਿੱਆ ਦਸੱਦੇ ਹੋਏ ਇਹ ਵਿਸ਼ਾ ਕੁਝੱ ਥਾਵਾਂ ਉੱਤੇ ਬਿਆਨ ਕੀਤਾ ਹੈ। ਇੰਝ ਹੀ ਆਪਣੀ ਜਮਾਅਤ ਨੂੰ ਨਸੀਹਤ ਕਰਦੇ ਹੋਏ ਵੀ ਇਸ ਨੂੰ ਵਿਸਥਾਰ ਨਾਲ ਸਮਝਾਇਆ ਹੈ।

ਇਕੱ ਮੌਕੇ ਉੱਤੇ ਆਪ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਇੰਨਸਾਫ਼ ਦੀ ਹਾਲਤ ਇਹ ਹੈ ਕਿ ਜੋ ਸੰਜਮੀ ਦੀ ਹਾਲਤ ਪਸ਼ੂ ਬਿਰਤੀ ਸਮੇਂ ਹੁੰਦੀ ਹੈ। ਇਸ ਹਾਲਤ ਦੀ ਇਸਲਾਹ ਲਈ ਇੰਨਸਾਫ਼ ਦਾ ਹੁਕਮ ਹੈ। ਇਸ ਵਿਚੱ ਨਫ਼ਸ ਦੀ ਵਿਰੋਧਤਾ ਕਰਨੀ ਪੈਂਦੀ ਹੈ। ਜਿਵੇਂ ਕਿਸੇ ਦਾ ਕਰਜ਼ਾ ਅਦਾ ਕਰਨਾ ਹੈ। ਨਫ਼ਸ ਇਸ ਵਿਚੱ ਇਹੀ ਇੱਛਾ ਕਰਦੀ ਹੈ ਕਿ ਕਿਸੇ ਤਰ੍ਹਾਂ ਇਸ ਨੂੰ ਦਬਾ ਲਏ।

ਫ਼ਰਮਾਇਆ : ਮੈਨੂੰ ਅਫ਼ਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਕੁਝੱ ਲੋਕ ਇਨ੍ਹਾਂ ਗੱਲ੍ਹਾਂ ਦੀ ਚਿੰਤਾ ਨਹੀਂ ਕਰਦੇ ਅਤੇ ਸਾਡੀ ਜਮਾਅਤ ਵਿਚੱ ਵੀ ਅਜਿਹੇ ਲੋਕ ਹਨ। ਜੋ ਆਪਣੇ ਕਰਜ਼ਾਂ ਦੇ ਅਦਾ ਕਰਨ ਵਿਚੱ ਬਹੁਤ ਘਟੱ ਧਿਆਨ ਦਿੰਦੇ ਹਨ। ਇਹ ਇੰਨਸਾਫ਼ ਦੇ ਖ਼ਿਲਾਫ਼ ਹੈ। ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਤਾਂ ਅਜਿਹੇ ਲੋਕਾਂ ਦੀ ਨਮਾਜ਼ ਨਹੀਂ ਪੜ੍ਹਦੇ ਸਨ। ਸੋ, ਤੁਹਾਡੇ ਵਿਚੋਂ ਹਰ ਇਕੱ ਇਸ ਗਲ੍ਹੱ ਨੂੰ ਯਾਦ ਰੱਖੇ ਕਿ ਕਰਜ਼ਾਂ ਦੇ ਅਦਾ ਕਰਨ ਵਿਚੱ ਸੁਸਤੀ ਨਹੀਂ ਕਰਨੀ ਚਾਹੀਦੀ ਅਤੇ ਹਰ ਕਿਸਮ ਦੀ ਚੋਰੀ ਅਤੇ ਬੇਈਮਾਨੀ ਤੋਂ ਦੂਰ ਭਜੱਣਾ ਚਾਹੀਦਾ ਹੈ। ਕਿਉਂਕਿ ਇਹ ਰੱਬੀ ਹੁਕਮ ਦੇ ਖ਼ਿਲਾਫ਼ ਹੈ।

ਫ਼ਰਮਾਇਆ : ਰਬੱ ਨੇ ਇਨ੍ਹਾਂ ਸਾਰੀਆਂ ਭਲਾਈ ਦੀਆਂ ਕਿਸਮਾਂ ਨੂੰ ਮੌਕੇ-ਮਹਿਲ ਨਾਲ ਜੋੜ੍ਹ ਦਿੱਤਾ ਹੈ ਅਤੇ ਇਸ ਆਇਤ ਵਿਚੱ ਸਾਫ਼ ਫ਼ਰਮਾ ਦਿੱਤਾ ਹੈ ਕਿ ਜੇਕਰ ਇਹ ਨੇਕੀਆਂ ਆਪਣੇ ਆਪਣੇ ਮੌਕੇ-ਮਹਿਲ ਉੱਤੇ ਨ ਹੋਣਗੀਆਂ ਤਾਂ ਫ਼ਿਰ ਇਹ ਬੁਰਾਈਆਂ ਬਣ ਜਾਣਗੀਆਂ। ਇੰਨਸਾਫ਼ ਬੇਸ਼ਰਮੀ ਬਣ ਜਾਵੇਗੀ ਅਤੇ ਸੰਬੰਧੀਆਂ ਨਾਲ ਸਲੂਕ ਦੀ ਥਾਂ ਬਗ਼ਾਵਤ ਲੈ ਲਵੇਗੀ। ਅਰਥਾਤ ਉਹ ਬੇਮੌਕੇ ਹਮਦਰਦੀ ਦਾ ਜੋਸ਼ ਇਕੱ ਬੁਰੀ ਸ਼ਕਲ ਪੈਦਾ ਕਰੇਗਾ। ਅਸਲ ਵਿਚੱ ਬਗ਼ੀ ਉਸ ਮੀਂਹ ਨੂੰ ਕਹਿੰਦੇ ਹਨ। ਜੋ ਹੱਦੋਂ ਵਧੱ ਪਏ ਅਤੇ ਖੇਤਾਂ ਨੂੰ ਤਬਾਹ ਕਰ ਦੇਵੇ ਅਤੇ ਲਾਜ਼ਮੀ ਹਕੱ ਵਿਚੱ ਕਮੀ ਰਖੱਣ ਨੂੰ ਬਗ਼ੀ ਕਹਿੰਦੇ ਹਨ ਜਾਂ ਹੱਦੋਂ ਵਧੱਣਾ ਵੀ ਬਗ਼ੀ ਹੈ। ਅਰਥਾਤ ਇਨ੍ਹਾਂ ਤਿੰਨਾਂ ਵਿਚੋਂ ਜੋ ਵੀ ਆਪਣੇ ਮੌਕੇ ਉੱਤੇ ਵਰਤਿਆ ਨਹੀਂ ਜਾਵੇਗਾ। ਉਹੀ ਖ਼ਰਾਬ ਆਚਰਣ ਹੋ ਜਾਵੇਗਾ। ਇਸੇ ਲਈ ਇਨ੍ਹਾਂ ਤਿੰਨਾਂ ਨਾਲ ਮੌਕਾ-ਮਹਿਲ ਦੀ ਸ਼ਰਤ ਲਾ ਦਿੱਤੀ ਗਈ ਹੈ।

ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਆਪਣੀ ਕਿਤਾਬਾਂ ਅਤੇ ਮਜਲਿਸਾਂ ਵਿਚੱ ਇਸ ਬਾਰੇ ਬਹੁਤ ਆਦੇਸ਼ ਦਿੱਤੇ ਹਨ। ਸੋ, ਸਾਡਾ ਫ਼ਰਜ਼ ਹੈ ਕਿ ਰਬੱ ਨਾਲ ਸੰਬੰਧ ਦੇ ਮਿਆਰ ਪ੍ਰਾਪਤ ਕਰਨ ਅਤੇ ਬੰਦੀਆਂ ਦੇ ਹਕੱ ਅਦਾ ਕਰਨ ਲਈ ਉਸ ਅਨੁਸਾਰ ਕਰਮ ਕਰਨ ਦੀ ਕੋਸ਼ਿਸ਼ ਕਰਨ। ਰਬੱ ਸਾਨੂੰ ਇਸ ਅਨੁਸਾਰ ਜੀਵਨ ਬਤੀਤ ਕਰਨ, ਇਬਾਦਤਾਂ ਦੇ ਉਚੱਤਮ ਪਧੱਰ ਪ੍ਰਾਪਤ ਕਰਨ, ਬੰਦੀਆਂ ਦੇ ਹਕੱ ਅਦਾ ਕਰਨ, ਖ਼ਾਸ ਤੌਰ ਉੱਤੇ ਆਪਸੀ ਪਿਆਰ ਮੁਹਬਤ ਦੇ ਰਿਸ਼ਤੇ ਨੂੰ ਇੰਝ ਕਾਯਮ ਕਰਨ ਦੀ ਤੌਫ਼ੀਕ ਬਖ਼ਸ਼ੇ ਕਿ ਅਸੀਂ ਸੰਸਾਰ ਲਈ ਮਿਸਾਲ ਬਣ ਜਾਣ। ਇਨ੍ਹਾਂ ਗੱਲ੍ਹਾਂ ਉੱਤੇ ਅਮਲ ਕਰਦੇ ਹੋਏ। ਅਸੀਂ ਬੈਅਤ ਦੇ ਹਕੱ ਅਦਾ ਕਰਨ ਵਾਲੇ ਹੋਣ। ਹਰ ਜੁਮਆ ਸਾਨੂੰ ਇਨ੍ਹਾਂ ਗੱਲ੍ਹਾਂ ਨੂੰ ਸੁਣ ਕੇ ਇਨ੍ਹਾਂ ਉੱਤੇ ਅਮਲ ਕਰਨ ਵਾਲਾ ਬਣਾਏ। ਨਹੀਂ ਤਾਂ ਸਾਡੇ ਵਿਚੱ ਅਤੇ ਹੋਰਨਾਂ ਵਿਚੱ ਕੋਈ ਅੰਤਰ ਨਹੀਂ ਰਹਿ ਜਾਵੇਗਾ। ਰਬੱ ਸਾਡੇ ਵਿਚੱ ਅਤੇ ਹੋਰਨਾਂ ਵਿਚੱ ਇਕੱ ਸਪਸ਼ਟ ਅੰਤਰ ਵਿਖਾ ਦੇਵੇ। ਜਿਵੇਂ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਵੱਡੇ ਦਰਦ ਨਾਲ ਇਸ ਦਾ ਪ੍ਰਕਟਾਵਾ ਕੀਤਾ ਹੈ

ਅੰਤ ਵਿਚੱ ਹਜ਼ੂਰੇ ਅਨਵਰ ਨੇ ਫ਼ਰਮਾਇਆ : ਪਾਕਿਸਤਾਨ ਦੇ ਹਾਲਾਤਾਂ ਲਈ ਵੀ ਦੁਆ ਕਰਦੇ ਰਹੋ। ਅਸੀਂ ਤਾਂ ਨੇਕੀਆਂ ਫ਼ੈਲਾਉਣ ਲਈ ਆਪਣਾ ਕੰਮ ਕਰਦੇ ਚਲੇ ਜਾਣਾ ਹੈ ਅਤੇ ਸ਼ੈਤਾਨ ਲੋਕਾਂ ਨੇ ਆਪਣੇ ਜ਼ੁਲਮ ਜੋ ਉਨ੍ਹਾਂ ਦਾ ਕੰਮ ਹੈ। ਉਹ ਵਿਖਾਈ ਜਾਣਾ ਹੈ। ਸਾਡਾ ਤਾਂ ਇਨ੍ਹਾਂ ਸ਼ੈਤਾਨਾਂ ਨਾਲ ਸ਼ੈਤਾਨੀਅਤ ਵਿਚੱ ਕੋਈ ਮੁਕਾਬਲਾ ਨਹੀਂ। ਸਾਨੂੰ ਤਾਂ ਇਹ ਹੀ ਹੈ ਕਿ ਰਬੱ ਦੇ ਹੁਕਮਾਂ ਉੱਤੇ ਚਲਣ ਵਾਲੇ ਹੋਣ। ਸਦਾ ਇਹ ਅਰਦਾਸ ਵੀ ਕਰੋ ਕਿ ਰਬੱ ਸਾਡੇ ਈਮਾਨਾਂ ਨੂੰ ਸਲਾਮਤ ਰੱਖੇ ਅਤੇ ਕਦੇ ਸਾਡੇ ਈਮਾਨ ਕਮਜ਼ੋਰ ਨ ਹੋਣ। ਰਬੱ ਨਾਲ ਸਾਡਾ ਉਹ ਸੰਬੰਧ ਕਾਯਮ ਹੋ ਜਾਵੇ। ਜੋ ਸੰਬੰਧੀਆਂ ਨਾਲ ਸੰਬੰਧ ਹੈ। ਫ਼ਿਰ ਅਸੀਂ ਰਬੱ ਦੇ ਫ਼ਜ਼ਲਾਂ ਦੇ ਨਜ਼ਾਰੇ ਵੀ ਪਹਿਲਾਂ ਨਾਲੋਂ ਵਧੱ ਕੇ ਵੇਖਾਂਗੇ। ਇੰਸ਼ਾ ਅੱਲਾਹ। ਅਤੇ ਜੋ ਦੁਸ਼ਮਨ ਹਨ ਰਬੱ ਦੀ ਨਜ਼ਰ ਵਿਚੱ ਅਤੇ ਸੁਧਾਰ ਯੋਗ ਨਹੀਂ ਹਨ ਰਬੱ ਦੀ ਨਜ਼ਰ ਵਿਚੱ। ਰਬੱ ਉਨ੍ਹਾਂ ਨੂੰ ਆਪ ਤਬਾਹ ਕਰੇ ਅਤੇ ਇੰਸ਼ਾ ਅੱਲਾਹ ਜਦੱ ਅਜਿਹੀ ਸ਼ਕਲ ਹੋਵੇਗੀ। ਜਦੱ ਸਾਡਾ ਸੰਬੰਧ ਰਬੱ ਨਾਲ ਹੋਵੇਗਾ ਤਾਂ ਦੁਸ਼ਮਨ ਦੀ ਤਬਾਹੀ ਦੇ ਨਜ਼ਾਰੇ ਵੀ ਅਸੀਂ ਵੇਖਾਂਗੇ।

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ اللّٰہُ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔